# ਦੇਖਭਾਲ ਅਤੇ ਅਵਸਰਾਂ ਲਈ ਯੋਜਨਾ




## ਸਿਹਤ ਦੇਖਭਾਲ ਤੱਕ ਜ਼ਿਆਦਾ ਤੇਜ਼, ਬਿਹਤਰ ਪਹੁੰਚ

ਓਨਟਾਰਿਓ ਸਿਹਤ ਦੇਖਭਾਲ ਪ੍ਰਣਾਲੀ ਦੇ ਸਾਰੇ ਪਹਿਲੂਆਂ ਨੂੰ ਸੁਧਾਰਨਾ ਅਤੇ ਬਦਲਣਾ ਜਾਰੀ ਰੱਖ ਰਿਹਾ ਹੈ ਤਾਂ ਕਿ ਲੋਕਾਂ ਨੂੰ ਉੱਚ-ਗੁਣਵੱਤਾ ਵਾਲੀ ਸਿਹਤ ਦੇਖਭਾਲ ਤੱਕ ਪਹੁੰਚ ਪ੍ਰਾਪਤ ਹੋਏ, ਜਦੋਂ ਅਤੇ ਜਿਥੇ ਉਨ੍ਹਾਂ ਨੂੰ ਉਸ ਦੀ ਲੋੜ ਹੈ। ਇਸ ਬਜਟ ਵਿੱਚ, ਅਗਲੇ ਤਿੰਨ ਸਾਲਾਂ ਵਿੱਚ $5 ਬਿਲੀਅਨ ਤੋਂ ਵੱਧ ਦਾ ਵਾਧੂ ਨਿਵੇਸ਼ ਸੇਵਾਵਾਂ ਤੱਕ ਹੋਰ ਜ਼ਿਆਦਾ ਅਤੇ ਬਿਹਤਰ ਪਹੁੰਚ ਮੁਹੱਈਆ ਕਰੇਗਾ, ਅਤੇ ਪਿਆਰਿਆਂ ਦੀ ਦੇਖਭਾਲ ਕਰਨ ਨਾਲ ਸੰਬੰਧਤ ਸਮੇਂ ਅਤੇ ਤਣਾਅ ਨੂੰ ਘਟਾਉਣ ਵਿੱਚ ਵੀ ਮਦਦ ਕਰੇਗਾ।



### ਮਾਨਸਿਕ ਸਿਹਤ ਮਹੱਤਵਪੂਰਨ ਹੈ

ਲੱਖਾਂ ਹੋਰ ਜ਼ਿਆਦਾ ਬੱਚਿਆਂ, ਨੌਜਵਾਨਾਂ ਅਤੇ ਬਾਲਗਾਂ ਵਾਸਤੇ ਓਨਟਾਰਿਓ ਭਰ ਵਿੱਚ ਮਾਨਸਿਕ ਸਿਹਤ ਸੰਬੰਧੀ ਦੇਖਭਾਲ ਅਤੇ ਲਤਾਂ ਸੰਬੰਧੀ ਸੇਵਾਵਾਂ ਤੱਕ ਬਿਹਤਰ ਅਤੇ ਜ਼ਿਆਦਾ ਤੇਜ਼ ਪਹੁੰਚ ਮੁਹੱਈਆ ਕਰਨਾ - ਕੁਲ ਫੰਡਿਗ ਨੂੰ ਚਾਰ ਸਾਲਾਂ ਵਿੱਚ $17 ਬਿਲੀਅਨ ਤੋਂ ਵਧ ਤੱਕ ਲਿਆਉਂਦੇ ਹੋਏ।

ਹੋਰ ਜ਼ਿਆਦਾ ਲੋਕਾਂ ਵਾਸਤੇ ਮਾਨਸਿਕ ਸਿਹਤ ਸੰਬੰਧੀ ਦੇਖਭਾਲ ਅਤੇ ਲਤਾਂ ਸੰਬੰਧੀ ਸੇਵਾਵਾਂ ਤੱਕ ਪਹੁੰਚ ਨੂੰ ਸੁਧਾਰਨ ਲਈ ਚਾਰ ਸਾਲਾਂ ਵਿੱਚ $2.1 ਬਿਲੀਅਨ ਤੋਂ ਵੱਧ ਦਾ ਵਾਧੂ ਨਿਵੇਸ਼ ਕਰਨਾ, ਕੁਲ ਫੰਡਿਗ ਨੂੰ ਚਾਰ ਸਾਲਾਂ ਵਿੱਚ $17 ਬਿਲੀਅਨ ਤੱਕ ਲਿਆਉਂਦੇ ਹੋਏ।




### ਜ਼ਿਆਦਾ ਮਜ਼ਬੂਤ ਹਸਪਤਾਲ, ਬਿਹਤਰ ਦੇਖਭਾਲ

ਦੇਖਭਾਲ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਕੇ, ਉਡੀਕ ਦੇ ਸਮਿਆਂ ਨੂੰ ਘਟਾ ਕੇ, ਸਮਰੱਥਾ ਸੰਬੰਧੀ ਮੁੱਦਿਆਂ ਨਾਲ ਨਜਿੱਠ ਕੇ ਹਸਪਤਾਲਾਂ ਨੂੰ ਸੁਧਾਰ ਕੇ ਅਤੇ 2018-19 ਵਿੱਚ $822 ਮਿਲੀਅਨ ਦੇ ਵਾਧੂ ਨਿਵੇਸ਼ ਰਾਹੀਂ ਓਨਟਾਰਿਓ ਦੀ ਵੱਧ ਰਹੀ ਅਤੇ ਬਿਰਧ ਹੋ ਰਹੀ ਆਬਾਦੀ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰਨਾ।




### ਦਵਾਈਆਂ ਅਤੇ ਦੰਦਾਂ ਸੰਬੰਧੀ ਖਰਚਿਆਂ ਨੂੰ ਘਟਾਉਣਾ

ਇੱਕ ਨਵੇਂ ਓਨਟਾਰਿਓ ਡਰੱਗ ਐਂਡ ਡੈਂਟਲ ਪ੍ਰੋਗਰਾਮ ਦੀ ਸ਼ੁਰੂਆਤ ਕਰਕੇ ਕੰਮ ਦੇ ਸਥਾਨ ਤੇ ਸਿਹਤ ਸੰਬੰਧੀ ਲਾਭਾਂ ਤੋਂ ਬਿਨਾਂ ਜਾਂ OHIP+ ਜਾਂ ਕਿਸੇ ਹੋਰ ਸਰਕਾਰੀ ਪ੍ਰੋਗਰਾਮ ਦੇ ਹੇਠ ਨਾ ਆਉਣ ਵਾਲੇ ਲੋਕਾਂ ਲਈ, ਹਰ ਸਾਲ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਅਤੇ ਦੰਦਾਂ ਸੰਬੰਧੀ ਯੋਗ ਖਰਚਿਆਂ ਲਈ, 80 ਪ੍ਰਤੀਸ਼ਤ - ਪ੍ਰਤੀ ਇਕੱਲੇ ਵਿਅਕਤੀ ਲਈ $400, ਹਰ ਜੋੜੇ ਲਈ $600 ਅਤੇ ਦੋ ਬੱਚਿਆਂ ਵਾਲੇ ਚਾਰ ਵਿਅਕਤੀਆਂ ਦੇ ਪਰਿਵਾਰ ਲਈ $700 - ਦੇ ਅਧਿਕਤਮ ਤੱਕ ਵਾਪਸ ਕਰਨਾ।

### ਜ਼ਿਆਦਾ ਮਜ਼ਬੂਤ ਹਸਪਤਾਲ, ਬਿਹਤਰ ਦੇਖਭਾਲ

ਓਨਟਾਰਿਓ:

- ਹਸਪਤਾਲਾਂ ਦਾ ਨਿਰਮਾਣ ਕਰਨ ਅਤੇ ਉਨ੍ਹਾਂ ਨੂੰ ਨਵਾਂ ਕਰਨ ਲਈ 10 ਸਾਲਾਂ ਵਿੱਚ ਲਗਭਗ $19 ਬਿਲੀਯਨ ਦਾ ਨਿਵੇਸ਼ ਕਰ ਰਿਹਾ ਹੈ, ਜਿਸ ਵਿੱਚ ਸਿਕ ਕਿਡਜ਼ ਦੇ ਨਵੇਂ ਪੇਸ਼ੈਂਟ ਕੇਅਰ ਸੈਂਟਰ ਦੇ ਡਿਜ਼ਾਇਨ ਅਤੇ ਉਸਾਰੀ ਲਈ $2.4 ਬਿਲੀਅਨ ਤੱਕ ਅਤੇ ਓਟਾਵਾ ਹਸਪਤਾਲ ਦੇ ਸਿਵਿਕ ਕੈਂਪਸ ਦੇ ਮੁੜ ਵਿਕਾਸ ਲਈ $1.8 ਬਿਲੀਅਨ ਤੱਕ ਸ਼ਾਮਲ ਹਨ।

## OHIP+ ਦੇ ਨਾਲ ਫਾਰਮਾਕੇਅਰ ਨੂੰ ਵਧਾਉਣਾ

ਓਨਟਾਰਿਓ:

- OHIP+ ਰਾਹੀਂ, 65 ਸਾਲਾਂ ਤੋਂ ਵੱਧ ਉਮਰ ਦੇ ਸਾਰੇ ਲੋਕਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਪੂਰੀ ਤਰ੍ਹਾਂ ਮੁਫਤ ਕਰ ਰਿਹਾ ਹੈ, ਯਕੀਨੀ ਬਣਾਉਂਦੇ ਹੋਏ ਕਿ ਕੋਈ ਵੀ ਬਜ਼ੁਰਗ ਨਾਗਰਿਕ ਕਦੇ ਵੀ ਜ਼ਰੂਰੀ ਦਵਾਈਆਂ ਤੋਂ ਬਿਨਾਂ ਨਹੀਂ ਰਹਿੰਦਾ। ਓਨਟਾਰਿਓ ਡਰੱਗ ਬੈਨੇਫਿਟ ਦੀ ਸਲਾਨਾ ਕਟੌਤੀ ਅਤੇ ਕੋ-ਪੇ ਨੂੰ ਖਤਮ ਕਰਕੇ, ਇਹ ਓਨਟਾਰਿਓ ਦੇ ਔਸਤ ਬਜ਼ੁਰਗ ਲਈ ਹਰ ਸਾਲ $240 ਦੀ ਬਚਤ ਕਰਦਾ ਹੈ।
- OHIP+ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਵਾਸਤੇ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਮੁਫਤ ਮੁਹਈਆ ਕਰਦੇ ਰਹਿਣਾ ਜਾਰੀ ਰੱਖ ਰਿਹਾ ਹੈ। 1 ਜਨਵਰੀ, 2018 ਤੋਂ ਸ਼ੁਰੂ ਕੀਤੇ ਜਾਣ ਤੋਂ ਬਾਅਦ, ਡਾਕਟਰਾਂ ਦੀਆਂ ਲਗਭਗ ਤਿੰਨ ਲੱਖ ਪਰਚੀਆਂ ਤੇ ਬਿਨਾਂ ਕਿਸੀ ਲਾਗਤ ਦੇ ਦਵਾਈਆਂ ਦਿੱਤੀਆਂ ਗਈਆਂ ਹਨ।
- ਓਨਟਾਰਿਓ OHIP+ ਰਾਹੀਂ, ਦੋ ਲੋਕਾਂ ਵਿੱਚੋਂ ਲਗਭਗ ਇੱਕ - ਲਗਭਗ 6.4 ਮਿਲੀਅਨ ਲੋਕਾਂ - ਲਈ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਦੀ ਲਾਗਤ ਨੂੰ ਕਵਰ ਕਰ ਰਿਹਾ ਹੈ, ਅਤੇ ਵਿਆਪਕ ਫਾਰਮਾਕੇਅਰ ਪ੍ਰੋਗਰਾਮ ਲਈ ਅੰਦੋਲਨ ਦੀ ਅਗਵਾਈ ਕਰ ਰਿਹਾ ਹੈ ਜਿਹੜਾ ਨਿਰਦਿਸ਼ਟ ਕੀਤੀਆਂ ਗਈਆਂ ਦਵਾਈਆਂ ਨੂੰ ਸਾਰੇ ਕਨੇਡੀਅਨਾਂ ਲਈ ਮੁਫਤ ਬਣਾਉਣ ਵਾਸਤੇ ਮੈਡੀਕੇਅਰ ਨੂੰ ਵਧਾਉਂਦਾ ਹੈ।

## ਮਾਨਸਿਕ ਸਿਹਤ ਮਹੱਤਵਪੂਰਨ ਹੈ

ਓਨਟਾਰਿਓ:

- ਸ਼ੁਰੂਆਤੀ ਦਖਲ ਦੇ ਕਾਬਲ ਹੋਣ ਅਤੇ ਰੋਕਥਾਮ ਨੂੰ ਵਧਾਵਾ ਦੇਣ ਵਾਸਤੇ ਓਨਟਾਰਿਓ ਭਰ ਵਿੱਚ ਹਰ ਹਾਈ ਸਕੂਲ ਨੂੰ ਅਗਲੇ ਦੋ ਸਾਲਾਂ ਦੇ ਵਿੱਚ ਮਾਨਸਿਕ ਸਿਹਤ ਸੰਬੰਧੀ ਸਹਿਯੋਗਾਂ ਤੱਕ ਪਹੁੰਚ ਮੁਹੱਈਆ ਕਰ ਰਿਹਾ ਹੈ।
- ਬੱਚਿਆਂ ਅਤੇ ਨੌਜਵਾਨ ਲੋਕਾਂ ਸਮੇਤ, ਪ੍ਰਾਂਤ ਭਰ ਵਿੱਚ ਚਿੰਤਾ ਅਤੇ ਉਦਾਸੀ ਵਾਲੇ 350,000 ਤੱਕ ਹੋਰ ਲੋਕਾਂ ਦੀ ਜਨਤਕ ਤੌਰ ਤੇ ਫੰਡ ਕੀਤੀ ਗਈ ਸਾਈਕੋਥੈਰੇਪੀ ਤੱਕ ਪਹੁੰਚ ਨੂੰ ਵਧਾ ਕੇ ਸਹਾਇਤਾ ਕਰ ਰਿਹਾ ਹੈ।
- ਚਾਰ ਸਾਲਾਂ ਵਿੱਚ ਅਜਿਹੇ ਲੋਕਾਂ ਲਈ 2,475 ਹੋਰ ਜ਼ਿਆਦਾ ਸਪੋਰਟਿਵ ਹਾਊਸਿੰਗ ਯੂਨਿਟਾਂ ਦਾ ਵਾਧਾ ਕਰ ਰਿਹਾ ਹੈ ਜਿੰਨ੍ਹਾਂ ਨੂੰ ਸੁਰੱਖਿਅਤ, ਕਿਫਾਇਤੀ ਅਤੇ ਉੱਚਿਤ ਰਿਹਾਇਸ਼ ਵਿੱਚ ਦੇਖਭਾਲ ਦੀ ਲੋੜ ਹੈ।

- 12 ਤੋਂ 25 ਸਾਲ ਦੀ ਉਮਰ ਦੇ ਨੌਜਵਾਨਾਂ ਵਾਸਤੇ ਸੇਵਾਵਾਂ ਤੱਕ ਪਹੁੰਚ ਨੂੰ ਸੁਧਾਰਨ, ਸੇਵਾ ਵਿੱਚ ਮਹੱਤਵਪੂਰਨ ਫਾਸਲਿਆਂ ਨੂੰ ਪੂਰਾ ਕਰਨ ਲਈ ਅਤੇ ਬਾਲਗਾਂ ਲਈ ਸੇਵਾਵਾਂ ਤੱਕ ਤਬਦੀਲੀ ਵਿੱਚ ਸੁਧਾਰ ਲਈ ਘੱਟੋ ਘੱਟ 15 ਵਾਧੂ ਨੌਜਵਾਨ ਭਲਾਈ ਹੱਬ ਬਣਾ ਰਿਹਾ ਹੈ।
- ਇੱਕ ਨਵਾਂ ਲੋਕਲ ਸਰਵਿਸ ਪ੍ਰਾਏਔਰਿਟੀ ਫੰਡ (Local Service Priority Fund) ਸਥਾਪਤ ਕਰ ਰਿਹਾ ਹੈ, ਜਿਹੜਾ LGBTQI2S, ਨਸਲੀ ਭੇਦਭਾਵ ਦੇ ਸ਼ਿਕਾਰ, ਫ੍ਰੈਂਚ ਬੋਲਣ ਵਾਲਿਆਂ, ਨਵੇਂ ਆਏ ਅਤੇ ਦਿਹਾਤੀ ਨੌਜਵਾਨ ਲੋਕ, ਜਿੰਨ੍ਹਾਂ ਲਈ ਘੱਟ ਸੇਵਾਵਾਂ ਉਪਲੱਬਧ ਹਨ, ਵਾਸਤੇ ਮਾਨਸਿਕ ਸਿਹਤ ਸੰਬੰਧੀ ਸਹਾਰਿਆਂ ਨੂੰ ਮਜ਼ਬੂਤ ਕਰ ਰਿਹਾ ਹੈ।

## ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਨਾ

ਓਨਟਾਰਿਓ:

- ਨਵਾਂ ਸੀਨੀਅਰਜ਼ ਹੈਲਦੀ ਹੋਮ ਪ੍ਰੋਗਰਾਮ ਸ਼ੁਰੂ ਕਰ ਰਿਹਾ ਹੈ। ਇਹ ਵਡੇਰੀ ਉਮਰ ਦੇ ਬਜ਼ੁਰਗਾਂ ਦੇ ਘਰ ਵਿੱਚ, ਜਿਥੇ ਉਹ ਰਹਿਣਾ ਚਾਹੁੰਦੇ ਹਨ, ਰਹਿਣ ਨਾਲ ਸੰਬੰਧਤ ਲਾਗਤਾਂ ਨੂੰ ਮਾਨਤਾ ਦਿੰਦਾ ਹੈ। ਇਹ 75 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਅਗਵਾਈ ਹੇਠ ਯੋਗ ਘਰਾਂ ਵਾਲਿਆਂ ਨੂੰ ਆਤਮਨਿਰਭਰ ਢੰਗ ਨਾਲ ਜੀਣ ਅਤੇ ਉਨ੍ਹਾਂ ਦੇ ਘਰਾਂ ਦੇ ਰੱਖ-ਰੱਖਾਅ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਸਾਲਾਨਾ $750 ਤੱਕ ਦਾ ਲਾਭ ਮੁਹੱਈਆ ਕਰਦਾ ਹੈ।.
- ਤਿੰਨ ਸਾਲਾਂ ਵਿੱਚ $650 ਮਿਲੀਅਨ ਦੇ ਨਿਵੇਸ਼ ਰਾਹੀਂ, ਨਿਜੀ ਸੰਭਾਲ ਦੇ 2.8 ਮਿਲੀਅਨ ਹੋਰ ਜ਼ਿਆਦਾ ਘੰਟਿਆਂ ਅਤੇ 284,000 ਹੋਰ ਜ਼ਿਆਦਾ ਨਰਸਿੰਗ ਮੁਲਾਕਾਤਾਂ ਸਮੇਤ, ਘਰੇਲੂ ਅਤੇ ਕਮਿਊਨਿਟੀ ਸਿਹਤ ਸੇਵਾਵਾਂ ਤੱਕ ਹੋਰ ਜ਼ਿਆਦਾ ਪਹੁੰਚ ਪ੍ਰਦਾਨ ਕਰ ਰਿਹਾ ਹੈ।
- ਲੌਂਗ-ਟਰਮ ਕੇਅਰ ਹੋਮ ਵਿੱਚ ਹਰ ਵਿਅਕਤੀ ਨੂੰ ਮਿਲਣ ਵਾਲੀ ਰੋਜ਼ਾਨਾ ਦੇਖਭਾਲ ਦੀ ਮਾਤਰਾ ਨੂੰ ਚਾਰ ਘੰਟਿਆਂ ਦੀ ਔਸਤ ਤੱਕ ਵਧਾ ਰਿਹਾ ਹੈ।
- ਅਗਲੇ 10 ਸਾਲਾਂ ਵਿੱਚ 30,000 ਨਵੇਂ ਲੌਂਗ-ਟਰਮ ਦੇਖਭਾਲ ਬੈੱਡ ਵਧਾ ਰਿਹਾ ਹੈ – 2022 ਤੱਕ 5,000 ਨਵੇਂ ਬੈੱਡ ਜੋੜ ਕੇ - ਅਜਿਹੇ ਲੋਕਾਂ ਦੀ ਸਹਾਇਤਾ ਕਰਨ ਵਾਸਤੇ, ਜੋ ਹੁਣ ਆਤਮਨਿਰਭਰਤਾ ਨਾਲ ਨਹੀਂ ਰਹਿ ਸਕਦੇ ਅਤੇ ਉਨ੍ਹਾਂ ਦੀ ਦੇਖਭਾਲ ਕਰ ਰਹੇ ਲੋਕਾਂ ਵਾਸਤੇ ਮਾਨਸਿਕ ਸ਼ਾਤੀ ਪ੍ਰਦਾਨ ਕਰਨ ਲਈ। ਇਹ ਨਵੇਂ ਬੈੱਡ ਮੁੜ ਕੇ ਵਿਕਸਤ ਕੀਤੇ ਜਾ ਰਹੇ 30,000 ਮੌਜੂਦਾ ਬੈੱਡਾਂ ਤੋਂ ਇਲਾਵਾ ਹਨ।